بِسۡمِ اللّٰہِ الرَّحۡمٰنِ الرَّحِیۡمِ ——— نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ
وَعَلٰی عَبۡدِہِ الۡمَسِیۡحِ الۡمَوۡعُوۡدِ

1. ਅਸੀਂ ਇਹ ਯਕੀਨ ਰੱਖਦੇ ਹਾਂ ਕਿ ਰੱਬ ਮੌਜੂਦ ਹੈ ਅਤੇ ਉਸਦੀ ਹਸਤੀ ਉਪੱਰ ਈਮਾਨ ਲਿਆਉਣਾ ਸਭ ਤੋਂ ਵੱਡੀ ਸਚੱਾਈ ਦਾ ਇਕਰਾਰ ਕਰਨਾ ਹੈ ਨ ਕਿ ਵਹਿਮਾ ਭਰਮਾ ਦਾ ਪਿੱਛਲਗ ਬਣਨਾ ।

2. ਅਸੀਂ ਵਿਸ਼ਵਾਸ ਰੱਖਦੇ ਹਾਂ ਕਿ ਰੱਬ ਇਕ ਹੈ ਉਸਦਾ ਕੋਈ ਸ਼ਰੀਕ ਨਹੀਂ, ਨ ਧਰਤੀ ਵਿੱਚ ਨ ਅਕਾਸ਼ ਵਿੱਚ । ਉਸ ਤੋਂ ਬਿਨਾਂ ਸਭ ਕੁਝ ਉਸਦੀ ਮਖ਼ਲੂਕ ਹੈ ਜੋ ਹਰ ਪਲ ਉਸਦੀ ਸਹਾਇਤਾ ਤੇ ਸਹਾਰੇ ਦੀ ਲੋੜਵੰਦ ਹੈ । ਉਸਦਾ ਕੋਈ ਪੁਤੱਰ ਨਹੀਂ, ਨ ਹੀ ਕੋਈ ਪੁਤੱਰੀ ਹੈ, ਨ ਪਿਤਾ, ਨ ਮਾਂ, ਨ ਪਤਨੀ, ਨ ਭਰਾ । ਉਹ ਆਪਣੇ ਆਪ ਵਿੱਚ ਇਕਲੱਾ ਹੈ ।

3. ਅਸੀਂ ਵਿਸ਼ਵਾਸ ਰੱਖਦੇ ਹਾਂ ਕਿ ਰੱਬ ਦਾ ਵਜੂਦ ਪਾਕ ਹੈ, ਉਹ ਸਾਰਿਆਂ ਐਬਾਂ ਤੋਂ ਪਵਿਤੱਰ ਹੈ ਅਤੇ ਸਾਰੀਆਂ ਖ਼ੂਬੀਆਂ ਦਾ ਮੰਬਾ ਹੈ । ਕੋਈ ਐਬ ਨਹੀਂ ਜੋ ਉਸ ਵਿੱਚ ਪਾਇਆ ਜਾਂਦਾ ਹੋਵੇ ਅਤੇ ਕੋਈ ਖ਼ੂਬੀ ਨਹੀਂ ਜੋ ਉਸ ਵਿੱਚ ਨ ਮੌਜੂਦ ਹੋਵੇ । ਉਸਦੀ ਕੁਦਰਤ ਅਪਰਮ ਅਪਾਰ ਹੈ, ਉਸਦਾ ਗਿਆਨ ਅਥਾਹ ਹੈ। ਉਸਨੇ ਹਰ ਇਕ ਸ਼ੈ ਨੂੰ ਘੇਰਿਆ ਹੋਇਆ ਹੈ । ਕੋਈ ਚੀਜ਼ ਨਹੀਂ ਜੋ ਉਸ ਨੂੰ ਘੇਰ ਸਕੇ । ਉਹ ਆਦਿ ਹੈ

ਉਹ ਹੀ ਅੰਤ ਹੈ, ਉਹ ਪ੍ਰਗਟ ਹੈ, ਉਹ ਗੁਪਤ ਹੈ, ਉਹ ਖ਼ਾਲਕ ਹੈ ਸਾਰੀ ਕਾਇਨਾਤ ਦੇ ਇਕਤੱਰ ਕਰਨ ਦਾ, ਅਤੇ ਮਾਲਕ ਹੈ ਕੁਲ ਮਖ਼ਲੂਕ ਦਾ । ਉਸ ਦਾ ਅਧਿਕਾਰ ਨ ਕਦੇ ਪਹਿਲਾਂ ਨਿਹਫਲ ਸੀ, ਨ ਹੁਣ ਨਿਹਫਲ ਹੈ, ਨ ਭਵਿੱਖ ਵਿੱਚ ਨਿਹਫਲ ਹੋਵੇਗਾ । ਉਹ ਜੀਉਂਦਾ ਹੈ, ਉਸ'ਤੇ ਕਦੇ ਮੌਤ ਨਹੀਂ, ਉਹ ਸਦਾ ਸਲਾਮਤ ਹੈ, ਉਸਦਾ ਕਦੇ ਪਤਨ ਨਹੀਂ , ਉਸ ਦੇ ਸਾਰੇ ਕਾਰਜ ਨਿਸ਼ਚੇ ਨਾਲ ਹੁੰਦੇ ਹਨ ਨ ਕਿ ਬੇ-ਇਖ਼ਤਿਆਰੀ ਨਾਲ , ਹੁਣ ਵੀ ਉਹ ਉਸੇ ਪ੍ਰਕਾਰ ਦੁਨੀਆ ਉਪੱਰ ਹਕੂਮਤ ਕਰ ਰਿਹਾ ਹੈ ਜਿਵੇਂ ਉਹ ਪਹਿਲਾਂ ਕਰਦਾ ਸੀ, ਉਸ ਦੀਆਂ ਖ਼ੂਬੀਆਂ ਕਿਸੇ ਸਮੇਂ ਵੀ ਮੁਅਤੱਲ (ਸਥਗਤ) ਨਹੀਂ ਹੁੰਦੀਆਂ । ਉਹ ਹਰ ਸਮੇਂ ਆਪਣੀ ਕੁਦਰਤ ਨੁਮਾਈ ਕਰ ਰਿਹਾ ਹੈ ।

4. ਅਸੀਂ ਵਿਸ਼ਵਾਸ ਰੱਖਦੇ ਹਾਂ ਕਿ ਫ਼ਰਿਸ਼ਤੇ ਰੱਬ ਦੀ ਮਖ਼ਲੂਕ ਹਨ ਅਤੇ ਯਫ਼ਆਲੂਨਾ ਮਾ ਯੁਮਾਰੂਨ (ਨਹਲ- ਆਇਤ 51 ) ਦੇ ਚਰਿਤਾਰਥ ਹਨ । ਉਸਨੇ ਆਪਣੀ ਪੂਰਨ ਹਿਕਮਤ ਰਾਹੀਂ ਉਹਨਾਂ ਨੂੰ ਵੱਖ ਵੱਖ ਕਾਰਜਾਂ ਲਈ ਪੈਦਾ ਕੀਤਾ ਹੈ । ਉਹ ਵਾਸਤਵ ਵਿੱਚ ਮਜੂਦ ਹਨ । ਉਹਨਾਂ ਦੀ ਚਰਚਾ ਰੂਪਕ ਨਹੀਂ ਹੈ ਅਤੇ ਉਹ ਰੱਬ ਦੇ ਉਸੇ ਪ੍ਰਕਾਰ ਮੁਥਾਜ ਹਨ ਜਿਵੇਂ ਕਿ ਮਨੁੱਖ ਜਾਂ ਹੋਰ ਮਖ਼ਲੂਕ । ਰੱਬ ਆਪਣੀ ਕੁਦਰਤ ਪ੍ਰਗਟ ਕਰਨ ਲਈ ਇਹਨਾਂ ਦਾ ਮੁਥਾਜ ਨਹੀਂ, ਉਹ ਜੇਕਰ ਚਾਹੁੰਦਾ ਤਾਂ ਉਹਨਾਂ ਨੂੰ ਬਿਨਾਂ ਪੈਦਾ ਕੀਤਿਆਂ ਹੀ ਆਪਣੀ ਮਰਜ਼ੀ ਪ੍ਰਗਟ ਕਰਦਾ, ਪਰ ਉਸਦੀ ਪੂਰਨ ਹਿਕਮਤ ਨੇ ਇਸ ਮਖ਼ਲੂਕ ਨੂੰ

ਪੈਦਾ ਕਰਨਾ ਚਾਹਿਆ ਅਤੇ ਉਹ ਪੈਦਾ ਹੋ ਗਈ, ਜਿਵੇਂ ਸੂਰਜ ਦੇ ਪ੍ਰਕਾਸ਼ ਨਾਲ ਮਨੁੱਖੀ ਅੱਖਾਂ ਨੂੰ ਚਾਨ੍ਹਣਾ ਬਖ਼ਸ਼ਣਾ ਤੇ ਰੋਟੀ ਨਾਲ ਢਿੱਡ ਭਰਨਾ ਆਦਿ । ਪਰ ਅਲੱਾਹ ਤਆਲਾ ਸੂਰਜ ਤੇ ਰੋਟੀ ਦਾ ਮੁਥਾਜ ਨਹੀਂ, ਇਸੇ ਪ੍ਰਕਾਰ ਫ਼ਰਿਸ਼ਤਿਆਂ ਰਾਹੀਂ ਆਪਣੇ ਕੁਝ ਇਰਾਦਿਆਂ ਦੇ ਪ੍ਰਗਟਾਵੇ ਲਈ ਉਹ ਫ਼ਰਿਸ਼ਤਿਆਂ ਦਾ ਮੁਥਾਜ ਨਹੀਂ ਹੁੰਦਾ ।

5. ਅਸੀਂ ਵਿਸ਼ਵਾਸ ਰੱਖਦੇ ਹਾਂ ਕਿ ਰੱਬ ਆਪਣੇ ਬੰਦਿਆਂ ਨਾਲ ਕਲਾਮ ਕਰਦਾ ਹੈ ਅਤੇ ਆਪਣੀ ਇਛੱਾ ਉਹਨਾਂ'ਤੇ ਪ੍ਰਗਟ ਕਰਦਾ ਹੈ । ਇਹ ਕਲਾਮ ਵਿਸ਼ੇਸ਼ ਸ਼ਬਦਾਂ ਵਿੱਚ ਨਾਜ਼ਲ ਹੁੰਦਾ ਹੈ ਅਤੇ ਉਸਦੇ ਨਾਜ਼ਲ ਹੋਣ ਵਿੱਚ ਮਨੁੱਖ ਦਾ ਕੋਈ ਹੱਥ ਨਹੀਂ ਹੁੰਦਾ । ਨ ਉਸਦਾ ਅਰਥ ਬੰਦੇ ਦਾ ਸੋਚਿਆ ਹੋਇਆ ਹੁੰਦਾ ਹੈ, ਨ ਉਸਦੇ ਸ਼ਬਦ ਬੰਦੇ ਦੇ ਨਿਰਧਾਰਤ ਕੀਤੇ ਹੋਏ ਹੁੰਦੇ ਹਨ । ਅਰਥ ਵੀ ਅਲੱਾਹ ਵੱਲੋਂ ਆਉਂਦੇ ਹਨ, ਸ਼ਬਦ ਵੀ ਉਸੇ ਵੱਲੋਂ ਹੁੰਦੇ ਹਨ , ਉਹੋ ਕਲਾਮ ਮਨੁੱਖ ਦੀ ਹਕੀਕੀ ਗ਼ਜ਼ਾ ਹੈ ਅਤੇ ਉਸੇ ਨਾਲ ਮਨੁੱਖ ਦਾ ਜੀਵਨ ਹੈ, ਉਸੇ ਨਾਲ ਹੀ ਉਸਦਾ ਰੱਬ ਨਾਲ ਸੰਬੰਧ ਪੈਦਾ ਹੁੰਦਾ ਹੈ । ਉਹ ਕਲਾਮ ਆਪਣੀ ਸ਼ਕਤੀ ਅਤੇ ਵੱਡਿਆਈ ਵਿੱਚ ਅਦੁੱਤੀ ਹੁੰਦਾ ਹੈ । ਉਸਦੀ ਉਦਾਹਰਨ ਕੋਈ ਮਨੁੱਖ ਨਹੀਂ ਲਿਆ ਸਕਦਾ, ਉਹ ਗਿਆਨ ਦੇ ਅਸੰਖ ਖ਼ਜ਼ਾਨੇ ਆਪਣੇ ਨਾਲ ਲਿਆਉਂਦਾ ਹੈ । ਉਹ ਇਕ ਕਾਂਨ ਵਾਂਗ ਹੁੰਦਾ ਹੈ ਜਿਸਨੂੰ ਜਿੰਨਾ ਪੁੱਟੋ ਉਨ੍ਹੇ ਹੀ ਕੀਮਤੀ ਜਵਾਹਰ ਤੇ ਮੋਤੀ ਨਿਕਲਦੇ ਜਾਂਦੇ ਹਨ ਸਗੋਂ ਕਾਂਨਾ ਤੋਂ ਵੱਧਕੇ ਹੈ, ਕਿਉਂਕਿ ਉਹਨਾਂ ਦੇ ਖ਼ਜ਼ਾਨੇ ਖ਼ਤਮ ਹੋ ਜਾਂਦੇ ਹਨ ਪਰ

ਇਸ ਕਲਾਮ ਦਾ ਗਿਆਨ ਖ਼ਤਮ ਨਹੀਂ ਹੁੰਦਾ। ਇਹ ਕਲਾਮ ਸਾਗਰ ਵਾਂਗ ਹੈ ਜਿਸਦੀ ਉਪੱਰੀ ਸਤਹਿ ਤੇ ਅੰਬਰ ਤੈਰਦਾ ਹੈ ਤੇ ਤਹਿ ਵਿੱਚ ਮੋਤੀ ਵਿਛੇ ਹੁੰਦੇ ਹਨ ਜੋ ਉਸਦੇ ਜ਼ਾਹਰ ਤੇ ਨਜ਼ਰ ਰੱਖਦਾ ਹੈ, ਇਸਦੀ ਖ਼ੁਸ਼ਬੋ ਦੀ ਮਹਿਕ ਨਾਲ ਆਪਣੇ ਦਿਮਾਗ਼ ਨੂੰ ਪਾਕ ਅਨੁਭਵ ਕਰਦਾ ਹੈ । ਜੋ ਉਸ ਵਿੱਚ ਗੋਤੇ ਮਾਰਦਾ ਹੈ ਉਹ ਗਿਆਨ ਤੇ ਮਾਅਰਫ਼ਤ ਦੀ ਦੌਲਤ ਨਾਲ ਮਾਲਾਮਾਲ ਹੋ ਜਾਂਦਾ ਹੈ ।

ਇਹ ਕਲਾਮ ਕਈ ਪ੍ਰਕਾਰ ਦਾ ਹੁੰਦਾ ਹੈ । ਕਦੇ ਆਦੇਸ਼ ਤੇ ਧਰਮ ਮਾਰਗਾਂ ਤੇ ਅਧਾਰਤ ਹੁੰਦਾ ਹੈ, ਕਦੇ ਉਪਦੇਸ਼ਾਂ ਤੇ ਨਸੀਹਤਾਂ ਉਪੱਰ, ਕਦੇ ਇਸ ਦੇ ਰਾਹੀਂ ਗੁਪਤ ਗਿਆਨ ਦੇ ਦਰ ਖੋਲੇ ਜਾਂਦੇ ਹਨ ਅਤੇ ਕਦੇ ਰੂਹਾਨੀ ਗਿਆਨ ਦੇ ਖ਼ਜ਼ਾਨੇ ਪ੍ਰਗਟ ਕੀਤੇ ਜਾਂਦੇ ਹਨ । ਕਦੇ ਇਸ ਰਾਹੀਂ ਰੱਬ ਆਪਣੇ ਬੰਦਿਆਂ ਉਪੱਰ ਆਪਣੀ ਖ਼ੁਸ਼ੀ ਦਾ ਪ੍ਰਗਟਾਵਾ ਕਰਦਾ ਹੈ, ਕਦੇ ਆਪਣੀ ਨਾਪਸੰਦੀ ਦਾ ਗਿਆਨ ਦਿੰਦਾ ਹੈ, ਕਦੇ ਪ੍ਰੇਮ ਤੇ ਪਿਆਰ ਦੀਆਂ ਗੱਲਾਂ ਨਾਲ ਉਸਦੇ ਮਨ ਨੂੰ ਖੁਸ਼ ਕਰਦਾ ਹੈ, ਕਦੇ ਤਾੜਨਾ ਤੇ ਦਬਕੇ ਨਾਲ ਉਸਨੂੰ ਉਸਦੇ ਫ਼ਰਜ਼ਾਂ ਵੱਲ ਧਿਆਨ ਖਿਚੱਦਾ, ਕਦੇ ਉਚੱ ਆਚਰਣ ਦੇ ਸੂਖਮ ਭੇਦ ਖੋਲਦਾ ਹੈ, ਕਦੇ ਗੁਪਤ ਬੁਰਾਈਆਂ ਦਾ ਗਿਆਨ ਦਿੰਦਾ ਹੈ। ਭਾਵ ਅਸੀਂ ਈਮਾਨ (ਵਿਸ਼ਵਾਸ) ਰੱਖਦੇ ਹਾਂ ਕਿ ਰੱਬ ਆਪਣੇ ਬੰਦਿਆਂ ਨਾਲ ਕਲਾਮ ਕਰਦਾ ਹੈ । ਉਹ ਕਲਾਮ ਵੱਖ ਵੱਖ ਅਵਸਥਾਵਾਂ ਅਤੇ ਵੱਖ ਵੱਖ ਮਨੁੱਖਾਂ ਦੇ ਦਰਜਿਆਂ ਮੁਤਾਬਕ ਹੁੰਦਾ ਹੈ ਅਤੇ ਵੱਖ ਵੱਖ ਅਵਸਥਾਵਾਂ ਵਿੱਚ ਨਾਜ਼ਲ ਹੁੰਦਾ ਹੈ । ਇਹਨਾਂ

ਸਾਰਿਆਂ ਕਲਾਮਾਂ ਵਿੱਚੋਂ ਜੋ ਰੱਬ ਨੇ ਆਪਣੇ ਬੰਦਿਆਂ ਨਾਲ ਕੀਤੇ ਹਨ ਕੁਰਆਨ ਕਰੀਮ ਸਭ ਤੋਂ ਉੱਤਮ, ਵੱਡਿਆਈ ਭਰਪੂਰ ਤੇ ਪੂਰਨ ਹੈ ਅਤੇ ਇਸ ਵਿੱਚ ਜੋ ਸ਼ਰੀਅਤ ਨਾਜ਼ਲ ਹੋਈ ਹੈ ਅਤੇ ਜੋ ਸਿੱਖਿਆ ਦਿੱਤੀ ਗਈ ਹੈ ਉਹ ਹਮੇਸ਼ਾਂ ਲਈ ਹੈ ਭਵਿੱਖ ਦਾ ਕੋਈ ਕਲਾਮ ਉਸਨੂੰ ਰੱਦ ਨਹੀਂ ਕਰੇਗਾ ।

6. ਇਸੇ ਪ੍ਰਕਾਰ ਅਸੀਂ ਵਿਸ਼ਵਾਸ ਰੱਖਦੇ ਹਾਂ ਕਿ ਜੱਦ ਕਦੇ ਵੀ ਦੁਨੀਆ ਅੰਧਕਾਰ ਨਾਲ ਭਰ ਜਾਂਦੀ ਹੈ ਅਤੇ ਲੋਕ ਬੁਰਾਈਆਂ ਤੇ ਫ਼ਸਾਦਾਂ ਵਿੱਚ ਫਸ ਜਾਂਦੇ ਹਨ ਅਤੇ ਆਕਾਸ਼ੀ ਮਦਦ ਤੋਂ ਬਿਨਾ ਸ਼ੈਤਾਨੀ ਪੰਜੇ ਤੋਂ ਮੁਕਤੀ ਪਾਉਣੀ ਉਹਨਾਂ ਲਈ ਅਸੰਭਵ ਹੋ ਜਾਂਦੀ ਹੈ । ਅਲੱਾਹ ਤਆਲਾ ਆਪਣੀ ਅਥਾਹ ਮਿਹਰ ਤੇ ਪੂਰਨ ਕਿਰਪਾ ਦੇ ਸਬਬ ਆਪਣੇ ਨੇਕ ਤੇ ਪਾਕ ਬੰਦਿਆਂ ਵਿੱਚੋਂ ਕੁਝ ਦੀ ਚੋਣ ਕਰਕੇ ਦੁਨੀਆ ਦਾ ਮਾਰਗ ਦਰਸ਼ਨ ਲਈ ਭੇਜਦਾ ਰਹਿੰਦਾ ਹੈ । ਜਿਵੇਂ ਕਿ ਉਹ ਫ਼ਰਮਾਉਂਦਾ ਹੈ, (وَاِنْ مِّنْ اُمَّةٍ اِلَّا خَلَا فِيْهَا نَذِيْرٌ - سورة فاطر ٢٥) "ਵ ਇੰਮ ਮਿਨ ਉਮੱਾਤਿਨ ਇਲੱਾ ਖ਼ਲਾਫ਼ੀਹਾ ਨਜ਼ੀਰ ।" (ਸੂਰਤ ਫ਼ਾਤਿਰ, ਆਇਤ-25) ਅਰਥਾਤ ਕੋਈ ਕੌਮ ਨਹੀਂ ਹੈ ਜਿਸ ਵਿੱਚ ਸਾਡੇ ਵੱਲੋਂ ਨਬੀ ਨ ਆ ਚੁੱਕਿਆ ਹੋਵੇ ਅਤੇ ਇਹ ਬੰਦੇ ਆਪਣੇ ਪਵਿੱਤਰ ਕਰਮਾ ਅਤੇ ਬੇ ਐਬ ਰਵਈਏ ਕਰਕੇ ਲੋਕਾਂ ਲਈ ਮਾਰਗ ਦਰਸ਼ਕ ਬਣਦੇ ਰਹੇ ਹਨ । ਉਹ ਉਹਨਾਂ ਰਾਹੀਂ ਆਪਣੀ ਮਰਜ਼ੀ ਬਾਰੇ ਦੁਨੀਆ ਵਾਲਿਆਂ ਨੂੰ ਜਾਣੂ ਕਰਵਾਉਂਦਾ ਰਿਹਾ ਹੈ । ਜਿੰਨ੍ਹਾ ਲੋਕਾਂ ਨੇ ਉਸ ਤੋਂ ਮੂੰਹ ਮੋੜਿਆ ਉਹ

ਹਲਾਕ (ਨਸ਼ਟ) ਹੋਏ । ਜਿਨ੍ਹਾਂ ਨੇ ਉਸਨੂੰ ਪਰਵਾਨ ਕੀਤਾ ਉਹ ਰੱਬ ਦੇ ਪਿਆਰੇ ਹੋ ਗਏ ਅਤੇ ਉਹਨਾਂ ਲਈ ਬਰਕਤਾਂ ਦੇ ਦਰ ਖੋਲੇ ਗਏ । ਰੱਬ ਦੀਆਂ ਰਹਿਮਤਾਂ ਨਾਜ਼ਲ ਹੋਈਆਂ ਅਤੇ ਆਪਣੇ ਮਗਰੋਂ ਆਉਣ ਵਾਲਿਆਂ ਲਈ ਸਰਦਾਰ ਬਣ ਗਏ ਦੋਵੇ ਜਹਾਨਾਂ ਦੀਆਂ ਚੰਗਿਆਈਆਂ ਮੁਕਦੱਰ ਕੀਤੀਆਂ ਗਈਆਂ ।

ਅਸੀਂ ਇਹ ਵੀ ਵਿਸ਼ਵਾਸ ਰੱਖਦੇ ਹਾਂ ਕਿ ਇਹ ਰੱਬ ਦੇ ਫ਼ਰਸਤਾਦੇ (ਭੇਜੇ ਹੋਏ) ਜੋ ਦੁਨੀਆ ਨੂੰ ਬਦੀ ਦੇ ਹਨ੍ਹੇਰਿਆਂ ਵਿੱਚੋਂ ਕੱਢ ਕੇ ਚਾਨ੍ਹਣੇ ਵੱਲ ਲਾਉਂਦੇ ਰਹੇ ਹਨ , ਵੱਖ ਵੱਖ ਦਰਜਿਆਂ ਅਤੇ ਅਸਥਾਨਾਂ ਉਪੱਰ ਨਿਯੁਕਤ ਸਨ । ਉਹਨਾਂ ਸਾਰਿਆਂ ਦੇ ਸਰਦਾਰ ਖ਼ਾਤਾਮੁਲ ਅੰਬਿਆ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੋ ਅਲੈਹਿ ਵਸਲੱਮ ਸਨ ਜਿਨ੍ਹਾਂ ਨੂੰ ਰੱਬ ਨੇ ਸਾਰੀ ਮਨੁੱਖਤਾ ਦਾ ਸਰਦਾਰ ਮਿੱਥਿਆ ਹੈ ਅਤੇ ਅੰਤਮ ਸ਼ਰੀਅਤ ਵਾਲਾ ਨਬੀ ਨਿਯੁਕਤ ਕੀਤਾ । ਉਹਨਾਂ ਤੇ ਸਾਰੇ ਸੰਪੂਰਨ ਗਿਆਨ ਪ੍ਰਗਟ ਕੀਤੇ ਅਤੇ ਉਹਨਾਂ ਦੀ ਅਜਿਹੇ ਰੁਹਬ ਤੇ ਸ਼ਾਨ ਨਾਲ ਮਦਦ ਕੀਤੀ ਕਿ ਵੱਡੇ ਵੱਡੇ ਜਾਬਰ ਬਾਦਸ਼ਾਹ ਵੀ ਉਹਨਾਂ ਦਾ ਨਾਂ ਸੁਣਕੇ ਪ੍ਰਭਾਵਤ ਹੋ ਜਾਂਦੇ ਸਨ । ਉਹਨਾਂ ਲਈ ਸਾਰੀ ਧਰਤੀ ਨੂੰ ਮਸਜਿਦ ਬਣਾ ਦਿਤੱਾ, ਇੱਥੋਂ ਤੱਕ ਕਿ ਉਹਨਾਂ ਦੀ ਉਮੱਤ ਨੇ ਧਰਤੀ ਦੇ ਚੱਪੇ ਚੱਪੇ ਉਪੱਰ ਵਾਹਿਦ ਲਾ ਸ਼ਰੀਕ ਅਲੱਾਹ (1° ) ਲਈ ਸਜੱਦੇ ਕੀਤੇ । ਸਾਰੀ ਧਰਤੀ ਨਿਆਂ ਤੇ ਇਨਸਾਫ਼ ਨਾਲ ਭਰ ਗਈ, ਜਦ ਕਿ ਸਾਰੀ ਧਰਤੀ ਜ਼ੁਲਮ ਤੇ ਅਤਿਆਚਾਰ ਨਾਲ ਭਰੀ ਹੋਈ ਸੀ । ਅਸੀਂ

ਵਿਸ਼ਵਾਸ ਰੱਖਦੇ ਹਾਂ ਕਿ ਜੇਕਰ ਪਹਿਲਾਂ ਹੋਏ ਨਬੀ ਇਸ ਸੰਪੂਰਨ ਨਬੀ ਦੇ ਕਾਲ ਵਿੱਚ ਹੁੰਦੇ ਤਾਂ ਉਹਨਾਂ ਕੋਲ ਵੀ ਆਪ ਜੀ ਦੀ ਤਾਬਿਆਦਾਰੀ ਤੋਂ ਬਿਨਾਂ ਹੋਰ ਕੋਈ ਚਾਰਾ ਨ ਹੁੰਦਾ , ਜਿਵੇਂ ਅਲੱਾਹ ਤਆਲਾ ਫ਼ਰਮਾਉਂਦਾ ਹੈ, (وَإِذْ أَخَذَ اللَّهُ مِيثَاقَ النَّبِيِّينَ لَمَا آتَيْتُكُم مِّن كِتَابٍ وَحِكْمَةٍ ثُمَّ جَاءَكُمْ رَسُولٌ مُّصَدِّقٌ لِّمَا مَعَكُمْ لَتُؤْمِنُنَّ بِهِ وَلَتَنصُرُنَّهُ. سورة آل عمران ٨٢) "ਵ ਇਜ਼ ਆਖ਼ਾਜ਼ਲੱਾਹੋ ਮੀਸਾਕੱਨੱਬੀੱਯੀਨਾ ਲਮਾ ਆਤੈਤੁਕੁੰਮ ਮਿਨ ਕਿਤਾਬਿੰਵ ਵ ਹਿਕਮਾਤਿਨ ਸੁਮੱਾ ਜਾਆਕੁਮ ਰਸੂਲੁੰਮ ਮੁਸੱਦੇਕੁੰਲ ਲਿਮਾ ਮਆਕੁਮ ਲਤੁਮਿਨੁਨੱਾ ਬਿਹੀ ਵ ਲ ਤਨਸੁਰੁਨੱਾਹੂ ।"(ਸੂਰਤ ਆਲੇ ਇਮਰਾਨ ਆਇਤ-82) ਜਿਵੇਂ ਕਿ ਪੈਗ਼ੰਬਰ ਮੁਹਮੱਦ ਸਲਲੱਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ,( لَوْ كَانَ مُوسَى وَعِيسَى حَيَّيْنِ لَمَا وَسِعَهُمَا إِلَّا اتِّبَاعِي ) "ਲੌ ਕਾਨਾ ਮੂਸਾ ਵ ਈਸਾ ਹੱਯੈਨਿ ਲਮਾ ਵਾਸੇਆਹੁਮਾ ਇਲੱਤੱਬਾਈ ।" ਜੇਕਰ ਮੂਸਾ ਅਤੇ ਈਸਾ ਜੀਉਂਦੇ ਹੁੰਦੇ ਤਾਂ ਉਹਨਾਂ ਨੂੰ ਵੀ ਮੇਰੀ ਆਗਿਆਕਾਰੀ ਤੋਂ ਬਿਨਾ ਹੋਰ ਕੋਈ ਚਾਰਾ ਨਹੀਂ ਸੀ ।

7. ਅਸੀਂ ਇਹ ਵੀ ਵਿਸ਼ਵਾਸ ਰੱਖਦੇ ਹਾਂ ਕਿ ਰੱਬ ਆਪਣੇ ਬੰਦਿਆਂ ਦੀਆਂ ਦੁਆਵਾਂ ਨੂੰ ਸੁਣਦਾ ਹੈ ਅਤੇ ਉਹਨਾਂ ਦੀਆਂ ਔਕੜਾਂ ਨੂੰ ਟਾਲਦਾ ਹੈ, ਉਹ ਇਕ ਜੀਉਂਦਾ ਰੱਬ ਹੈ, ਜਿਸਦੇ ਜੀਵਨ ਨੂੰ ਮਨੁੱਖ ਹਰ ਜ਼ਮਾਨੇ ਤੇ ਹਰ ਸਮੇਂ ਅਨੁਭਵ ਕਰਦਾ ਹੈ । ਉਸਦੀ ਉਦਾਹਰਣ ਉਸ ਪੌੜੀ ਵਾਂਗ

ਨਹੀਂ ਜਿਸਨੂੰ ਖੂਹ ਪੁਟੱਣ ਵਾਲਾ ਬਣਾਉਂਦਾ ਹੈ ਅਤੇ ਜਦ ਖੂਹ ਪੂਰਾ ਹੋ ਜਾਂਦਾ ਹੈ ਤਾਂ ਉਸਨੂੰ ਭੰਨ ਦਿੰਦਾ ਹੈ ਕਿ ਉਹ ਹੁਣ ਕਿਸੇ ਕੰਮ ਦੀ ਨਹੀਂ ਰਹੀ ਅਤੇ ਕੰਮ ਵਿੱਚ ਰੋਕ ਪਾਵੇਗੀ , ਸਗੋਂ ਉਸ ਦੀ ਉਦਾਹਰਣ ਉਸ ਨੂਰ ਵਾਂਗ ਹੈ ਜਿਸਦੇ ਬਿਨਾਂ ਸਭ ਕੁਝ ਹਨ੍ਹੇਰਾ ਹੈ ਅਤੇ ਉਸ ਰੂਹ ਵਾਂਗ ਹੈ ਜਿਸ ਤੋਂ ਬਿਨਾਂ ਚਾਰੇ ਪਾਸੇ ਮੌਤ ਹੀ ਮੌਤ ਹੈ । ਉਸਦੇ ਵਜੂਦ ਨੂੰ ਬੰਦਿਆਂ ਤੋਂ ਵੱਖ ਕਰ ਦੇਈਏ ਤਾਂ ਉਹ ਇਕ ਮੋਏ ਸ਼ਰੀਰ ਵਾਂਗ ਰਹਿ ਜਾਂਦਾ ਹੈ। ਇਹ ਨਹੀਂ ਕਿ ਉਸਨੇ ਕਦੇ ਦੁਨੀਆ ਨੂੰ ਬਣਾਇਆ ਤੇ ਫਿਰ ਚੁੱਪ ਕਰਕੇ ਬਹਿ ਗਿਆ ਸਗੋਂ ਹਰ ਸਮੇਂ ਆਪਣੇ ਬੰਦਿਆਂ ਨਾਲ ਸੰਬੰਧ ਰੱਖਦਾ ਹੈ ਅਤੇ ਉਹਨਾਂ ਦੀ ਆਜਜ਼ੀ ਤੇ ਨਿਮਰਤਾ ਦਾ ਧਿਆਨ ਰੱਖਦਾ ਹੈ । ਜੇਕਰ ਉਹ ਉਸਨੂੰ ਭੁੱਲ ਜਾਣ ਤਾਂ ਉਹ ਆਪ ਉਹਨਾਂ ਨੂੰ ਆਪਣਾ ਵਜੂਦ ਚੇਤੇ ਕਰਾਉਂਦਾ ਹੈ ਅਤੇ ਵਿਸ਼ੇਸ਼ ਪੈਗ਼ੰਬਰਾਂ ਰਾਹੀਂ ਉਹਨਾਂ ਨੂੰ ਦਸਦਾ ਹੈ ਕਿ, ( فَاِنِّیْ قَرِیْبٌ ؕ اُجِیْبُ دَعْوَةَ الدَّاعِ اِذَا دَعَانِ ۙ فَلْیَسْتَجِیْبُوْا لِیْ وَلْیُؤْمِنُوْا بِیْ لَعَلَّهُمْ یَرْشُدُوْنَ۔سورة البقرة ۱۸۷

“ਫ਼ ਇੱਨੀ ਕਰੀਬੁ, ਉਜੀਬੋ ਦਅਵਾ ਤਦੱਆਏ ਇਜ਼ਾ ਦਆਨੇ ਫ਼ਲਯਸਤਜੀਬੂਲੀ ਵਲਯੋਮਿਨੂਬੀ ਲਾਅਲੱਹੁਮ ਯਰਸ਼ੋਦੂਨ ।” (ਸੂਰਤ ਬਕਰਹ ਆਇਤ–187) ਅਰਥਾਤ, ਮੈਂ ਬਹੁਤ ਨੇੜੇ ਹਾਂ, ਹਰ ਇਕ ਬੁਲਾਉਣ ਵਾਲੇ ਦੀ ਆਵਾਜ਼ ਨੂੰ ਸੁਣਦਾ ਹਾਂ ਜੱਦ ਉਹ ਮੈਂਨੂੰ ਬੁਲਾਉਂਦਾ ਹੈ । ਇਸ ਲਈ ਚਾਹੀਦਾ ਹੈ ਕਿ ਉਹ ਮੇਰੀ ਗਲੱਾਂ ਨੂੰ

ਮਨਣ ਅਤੇ ਮੇਰੇ ਉਪੱਰ ਈਮਾਨ ਲਿਆਉਣ (ਵਿਸ਼ਵਾਸ ਰੱਖਣ) ਤਾਂ ਜੋ ਸੁਮਾਰਗ ਪਾਉਂਣ ।

8. ਅਸੀਂ ਇਹ ਵੀ ਵਿਸ਼ਵਾਸ ਰੱਖਦੇ ਹਾਂ ਕਿ ਰੱਬ ਆਪਣੀ ਵਿਸ਼ੇਸ਼ ਤੋਂ ਵਿਸ਼ੇਸ਼ ਤਕਦੀਰ ਨੂੰ ਦੁਨੀਆ ਵਿੱਚ ਜਾਰੀ ਕਰਦਾ ਰਹਿੰਦਾ ਹੈ । ਕੇਵਲ ਇਹੋ ਕੁਦਰਤ ਦੇ ਕਾਨੂਨ ਉਸ ਵੱਲੋਂ ਜਾਰੀ ਨਹੀਂ ਜੋ ਸੁਭਾਵਕ ਅਖਵਾਉਂਦੇ ਹਨ ਸਗੋਂ ਇਸ ਤੋਂ ਬਿਨਾਂ ਇਕ ਵਿਸ਼ੇਸ਼ ਤਕਦੀਰ ਵੀ ਜਾਰੀ ਹੈ, ਜਿਸਦੇ ਰਾਹੀਂ ਉਹ ਆਪਣੀ ਸ਼ਕਤੀ ਤੇ ਵੱਡਿਆਈ ਦਾ ਪ੍ਰਗਟਾਵਾ ਕਰਦਾ ਹੈ ਅਤੇ ਆਪਣੀ ਕੁਦਰਤ ਦਾ ਪਤਾ ਦਿੰਦਾ ਹੈ । ਇਹ ਉਹੋ ਕੁਦਰਤ ਹੈ ਜਿਸਦਾ ਕੁਝ ਨਾਦਾਨ ਆਪਣੇ ਘੱਟ ਗਿਆਨ ਕਰਕੇ ਇਨਕਾਰ ਕਰ ਦਿੰਦੇ ਹਨ । ਸੁਭਾਵਕ ਕਾਨੂਨ ਤੋਂ ਬਿਨਾਂ ਕਿਸੇ ਹੋਰ ਕਾਨੂਨ ਦੀ ਹੋਂਦ ਨੂੰ ਮਨਦੇ ਨਹੀਂ ਅਤੇ ਇਸਨੂੰ ਕੁਦਰਤ ਦਾ ਕਾਨੂਨ ਕਹਿੰਦੇ ਹਨ , ਜੱਦ ਕਿ ਉਹ ਸੁਭਾਵਕ ਕਾਨੂਨ ਤਾਂ ਅਖਵਾ ਸਕਦਾ ਹੈ ਪਰ ਕੁਦਰਤ ਦਾ ਕਾਨੂਨ ਨਹੀਂ ਅਖਵਾ ਸਕਦਾ, ਕਿਉਂਕਿ ਇਸ ਤੋਂ ਬਿਨਾਂ ਉਸਦੇ ਹੋਰ ਵੀ ਬਹੁਤ ਸਾਰੇ ਕਾਨੂਨ ਹਨ ਜਿੰਨ੍ਹਾ ਰਾਹੀਂ ਉਹ ਆਪਣੇ ਪਿਆਰਿਆਂ ਦੀ ਮਦਦ ਕਰਦਾ ਹੈ ਅਤੇ ਉਹਨਾਂ ਦੇ ਵੈਰੀਆਂ ਨੂੰ ਤਬਾਹ ਕਰਦਾ ਹੈ । ਭਲਾ ਜੇਕਰ ਅਜਿਹੇ ਕਾਨੂਨ ਮੌਜੂਦ ਨ ਹੁੰਦੇ ਤਾਂ ਕਿਵੇਂ ਸੰਭਵ ਸੀ ਕਿ ਨਿਤਾਣਾ ਤੇ ਕਮਜ਼ੋਰ ਮੂਸਾ ਫ਼ਿਰਔਨ ਵਰਗੇ ਜਾਬਰ ਬਾਦਸ਼ਾਹ ’ਤੇ ਗ਼ਾਲਬ ਆ ਜਾਂਦਾ । ਇਹ ਨਿਤਾਣਾ ਹੁੰਦਿਆਂ ਹੋਇਆਂ ਉਥੱਾਨ ਪਾਉਂਦਾ ਹੈ ਅਤੇ ਉਹ ਆਪਣੇ ਬੱਲਸ਼ਾਲੀ ਹੁੰਦਿਆਂ

ਹੋਇਆਂ ਵੀ ਬਰਬਾਦ ਹੋ ਜਾਂਦਾ ਹੈ । ਫਿਰ ਜੇਕਰ ਕੋਈ ਹੋਰ ਕਾਨੂਨ ਨਹੀਂ ਤਾਂ ਕਿਵੇਂ ਹੋ ਸਕਦਾ ਹੈ ਕਿ ਸਾਰਾ ਅਰਬ ਰਲਕੇ ਮੁਹਮੱਦ ਰਸੂਲੁਲੱਾਹ ਸਲਲੱਾਹੋ ਅਲੈਹਿ ਵਸਲੱਮ ਦੀ ਤਬਾਹੀ ਲਈ ਤਿਆਰ ਹੋ ਜਾਂਦਾ ਹੈ, ਪਰ ਅਲੱਾਹ ਤਆਲਾ ਆਪ ਜੀ ਨੂੰ ਹਰ ਮੈਦਾਨ ਵਿੱਚ ਗ਼ਾਲਬ ਕਰਦਾ ਹੈ ਅਤੇ ਦੁਸ਼ਮਨ ਦੇ ਹਰ ਹਮਲੇ ਤੋਂ ਸੁਰੱਖਿਅਤ ਰੱਖਦਾ ਹੈ । ਅਖ਼ੀਰ ਦਸ ਹਜ਼ਾਰ ਕੁਦੁਸੀਆਂ (ਨੇਕ ਸਾਥੀਆਂ) ਸਣੇ ਆਪ ਇਸ ਧਰਤੀ ਅਰਥਾਤ ਮੱਕੇ ਨੂੰ ਫ਼ਤਹਿ ਕਰਦੇ ਹੋਏ ਦਾਖ਼ਲ ਹੁੰਦੇ ਹਨ ਜਿਸ ਵਿੱਚੋਂ ਆਪ ਜੀ ਨੂੰ ਕੇਵਲ ਇਕ ਜਾਨ ਨਿਛਾਵਰ ਸਾਥੀ ਨਾਲ ਦੱਸ ਸਾਲ ਪਹਿਲਾਂ ਨਿਕਲਣਾ ਪਿਆ ਸੀ । ਕੀ ਸੁਭਾਵਕ ਕਾਨੂਨ ਅਜਿਹੀਆਂ ਘਟਨਾਵਾਂ ਪੇਸ਼ ਕਰ ਸਕਦਾ ਹੈ, ਕਦੇ ਨਹੀਂ । ਉਹ ਕਾਨੂਨ ਤਾਂ ਸਾਨੂੰ ਕੇਵਲ ਇਹੋ ਦਸਦਾ ਹੈ ਹਰ ਛੋਟੀ ਤਾਕਤ ਵੱਡੀ ਤਾਕਤ ਦੇ ਟਾਕਰੇ ਵਿੱਚ ਤੋੜ ਦਿੱਤੀ ਜਾਂਦੀ ਹੈ, ਅਤੇ ਹਰ ਕਮਜ਼ੋਰ ਤਾਕਤਵਰ ਦੇ ਹੱਥੋਂ ਮਾਰਿਆ ਜਾਂਦਾ ਹੈ ।

9. ਸਾਨੂੰ ਇਸ ਗੱਲ ਉਪੱਰ ਵੀ ਵਿਸ਼ਵਾਸ ਹੈ ਕਿ ਮੌਤ ਮਗਰੋਂ ਮਨੁੱਖ ਫਿਰ ਉਠਾਇਆ ਜਾਵੇਗਾ ਅਤੇ ਉਸਦੇ ਕਰਮਾ ਦਾ ਲੇਖਾ ਜੋਖਾ ਲਿਆ ਜਾਵੇਗਾ । ਜੋ ਚੰਗੇ ਕਰਮ ਕਰਨ ਵਾਲਾ ਹੋਵੇਗਾ ਉਸ ਨਾਲ ਚੰਗਾ ਵਰਤਾਉ ਕੀਤਾ ਜਾਵੇਗਾ ਅਤੇ ਜੋ ਰੱਬ ਦੇ ਹੁਕਮਾਂ ਨੂੰ ਤੋੜਨ ਵਾਲਾ ਹੋਵੇਗਾ ਉਸਨੂੰ ਕਰੜਾ ਦੰਡ ਦਿਤੱਾ ਜਾਵੇਗਾ । ਕੋਈ ਸਾਧਨ ਨਹੀਂ ਜੋ ਮਨੁੱਖ ਨੂੰ ਉਸ ਦੇ ਵਾਪਰਨ ਤੋਂ ਬਚਾ ਸਕੇ ਭਾਵੇਂ ਉਸਦੇ ਸ਼ਰੀਰ ਨੂੰ ਹਵਾ

ਦੇ ਪੰਛੀ ਜਾਂ ਜੰਗਲ ਦੇ ਦਰਿੰਦੇ ਖਾ ਜਾਣ । ਭਾਵੇਂ ਧਰਤੀ ਦੇ ਕੀੜੇ ਉਸਦੇ ਰੋਮ ਰੋਮ ਨੂੰ ਵੱਖ ਕਰ ਦੇਣ ਅਤੇ ਫਿਰ ਹੋਰ ਸ਼ਕਲ ਵਿੱਚ ਬਦਲ ਦੇਣ, ਭਾਵੇਂ ਉਸਦੀਆਂ ਹੱਡੀਆਂ ਤੱਕ ਬਾਲ ਦੇਣ, ਉਹ ਫਿਰ ਵੀ ਉਠਾਇਆ ਜਾਵੇਗਾ ਅਤੇ ਆਪਣੇ ਪੈਦਾ ਕਰਨ ਵਾਲੇ ਸਾਹਮਣੇ ਹਿਸਾਬ ਦੇਵੇਗਾ । ਕਿਉਂਕਿ ਉਸਦੀ ਸੰਪੂਰਨ ਕੁਦਰਤ ਇਸ ਗੱਲ ਦੀ ਮੁਥਾਜ ਨਹੀਂ ਕਿ ਇਸਦਾ ਪਹਿਲਾ ਸ਼ਰੀਰ ਹੀ ਮਜੂਦ ਹੋਵੇ ਤਾਂ ਹੀ ਉਹ ਉਸਨੂੰ ਪੈਦਾ ਕਰ ਸਕਦਾ ਹੈ । ਸਗੋਂ ਅਸਲ ਗੱਲ ਇਹ ਹੈ ਕਿ ਉਹ ਇਸਦੇ ਬਰੀਕ ਤੋਂ ਬਰੀਕ ਜ਼ੱਰੇ ਜਾਂ ਆਤਮਾ ਦੇ ਸੂਖਮ ਭਾਗ ਤੋਂ ਵੀ ਇਸ ਨੂੰ ਪੈਦਾ ਕਰ ਸਕਦਾ ਹੈ ਅਤੇ ਹੋਵੇਗਾ ਵੀ ਇਸੇ ਪ੍ਰਕਾਰ । ਸ਼ਰੀਰ ਖ਼ਾਕ ਹੋ ਜਾਂਦੇ ਹਨ ਪਰ ਉਸਦੇ ਸੂਖਮ ਜ਼ੱਰੇ ਫ਼ਨਾ ਨਹੀਂ ਹੁੰਦੇ ਅਤੇ ਨ ਹੀ ਉਹ ਰੂਹ ਜੋ ਸ਼ਰੀਰ ਅੰਦਰ ਹੁੰਦੀ ਹੈ ਰੱਬ ਦੇ ਹੁਕਮ ਤੋਂ ਬਿਨਾਂ ਫ਼ਨਾ ਹੋ ਸਕਦੀ ਹੈ।

**10.** ਅਸੀਂ ਵਿਸ਼ਵਾਸ ਰੱਖਦੇ ਹਾਂ ਕਿ ਰੱਬ ਦੇ ਇਨਕਾਰੀ ਅਤੇ ਉਸਦੇ ਧਰਮ ਦੇ ਵਿਰੋਧੀਆਂ ਨੂੰ ਜੇਕਰ ਉਹ ਆਪਣੀ ਕਿਰਪਾ ਨਾਲ ਬਖ਼ਸ਼ ਨ ਦੇਵੇ ਤਾਂ ਅਜਿਹੇ ਸਥਾਨ ਵਿੱਚ ਰੱਖੇ ਜਾਂਣਗੇ ਜਿਸਨੂੰ ਜਹਨੱਮ (ਨਰਕ) ਕਹਿੰਦੇ ਹਨ । ਜਿਸ ਵਿੱਚ ਅੱਗ ਅਤੇ ਕਰੜੀ ਠੰਡ ਦਾ ਅਜ਼ਾਬ ਭੋਗਣਾ ਹੋਵੇਗਾ, ਜਿਸ ਦੀ ਗ਼ਰਜ਼ ਕੇਵਲ ਦੁੱਖ ਦੇਣਾ ਨਹੀਂ ਹੋਵੇਗਾ, ਸਗੋਂ ਉਹਨਾਂ ਵਿੱਚੋਂ ਉਹਨਾਂ ਲੋਕਾਂ ਦਾ ਸੁਧਾਰ ਸਮੁੱਖ ਹੋਵੇਗਾ । ਉਸ ਥਾਂ ਉਹਨਾਂ ਲਈ ਕੇਵਲ ਰੋਣ ਪਿਟੱਣ ਤੇ ਦੰਦ ਪੀਹਣ ਤੋਂ ਬਿਨਾਂ ਹੋਰ ਕੁਝ ਨਹੀਂ ਹੋਵੇਗਾ ।

ਇੱਥੋਂ ਤੱਕ ਕਿ ਉਹ ਦਿਨ ਆ ਜਾਵੇ ਗਾ ਕਿ ਜਦ ਅਲੱਾਹ ਦਾ ਰਹਿਮ ਜੋ ਹਰ ਚੀਜ਼ ਉਪੱਰ ਗ਼ਾਲਬ ਹੈ ਉਸਨੂੰ ਢੱਕ ਲਏ ਅਤੇ, (يَأْتِيْ عَلٰى جَهَنَّمَ زَمَانٌ لَيْسَ فِيْهَا اَحَدٌ وَنَسِيْمُ الصَّبَا تُحَرِّكُ اَبْوَابَهَا۔) "ਯਾਤੀ ਅਲਾ ਜਹਨੱਮਾ ਜ਼ਮਾਨੁਨ ਲੈਸਾ ਫ਼ੀਹਾ ਅਹਾਦੁਨ ਵ ਨਸੀਮੁਸ ਸਬਾ ਤੁਹਰਿੱਕੁ ਅਬਵਾਬਹਾ" ਦਾ ਪ੍ਰਣ ਪੂਰਾ ਹੋ ਜਾਵੇ (ਤਫ਼ਸੀਰ ਮਆਲਮੁਲ ਤਨਜ਼ੀਲ, ਜ਼ੇਰੇ ਆਇਤ "ਫ਼ ਅਮੱਲ ਲਜ਼ੀਨਾ ਸ਼ਕੂ ਫ਼ਫ਼ਿਨੱਾਰੇ ਲਹੁਮ..." (ਸੂਰਤ ਹੂਦ ਆਇਤ–107))

**11.** ਅਸੀਂ ਇਹ ਵੀ ਵਿਸ਼ਵਾਸ ਰੱਖਦੇ ਹਾਂ ਕਿ ਉਹ ਲੋਕ ਜੋ ਅਲੱਾਹ ਤਆਲਾ ਅਤੇ ਉਸਦੇ ਨਬੀਆਂ; ਉਸਦੇ ਫ਼ਰਿਸ਼ਤਿਆਂ ਅਤੇ ਉਸ ਦੀਆਂ ਕਿਤਾਬਾਂ ਉਪੱਰ ਈਮਾਨ ਲਿਆਉਣ ਵਾਲੇ ਹਨ ਅਤੇ ਉਸਦੇ ਆਦੇਸ਼ਾਂ ਉਪੱਰ ਤਨ–ਮਨ ਨਾਲ ਵਿਸ਼ਵਾਸ ਰੱਖਦੇ ਹਨ, ਆਜਜ਼ੀ ਤੇ ਨਿਮਰਤਾ ਦੇ ਮਾਰਗਾਂ ਉਪੱਰ ਚਲਦੇ ਹਨ , ਵੱਡੇ ਹੋ ਕੇ ਛੋਟੇ ਬਣਦੇ ਹਨ, ਅਮੀਰ ਹੋਕੇ ਗਰੀਬਾਂ ਵਰਗਾ ਜੀਵਨ ਬਤੀਤ ਕਰਦੇ ਹਨ, ਅਲੱਾਹ ਦੀ ਮਖ਼ਲੂਕ ਦੀ ਸੇਵਾ ਕਰਦੇ ਹਨ, ਆਪਣੇ ਅਰਾਮ ਉਪੱਰ ਲੋਕਾਂ ਦੀ ਰਾਹਤ ਨੂੰ ਵਿਸ਼ੇਸ਼ਤਾ ਦਿੰਦੇ ਹਨ । ਜ਼ੁਲਮ, ਤਸ਼ਦੱਦ, ਅਤਿਆਚਾਰ ਅਤੇ ਖ਼ਿਆਨਤ ਤੋਂ ਬਚਦੇ ਹਨ । ਉੱਚ ਆਚਰਣ ਦੇ ਮਨਣ ਵਾਲੇ ਹੁੰਦੇ ਹਨ ਅਤੇ ਨੀਚ ਕੰਮਾ ਤੋਂ ਬਚਦੇ ਹਨ । ਉਹ ਲੋਕ ਅਜਿਹੇ ਥਾਵਾਂ ਉਪੱਰ ਰੱਖੇ ਜਾਣਗੇ ਜਿਸ ਨੂੰ ਜਨੱਤ (ਸਵਰਗ) ਕਹਿੰਦੇ ਹਨ ਜਿਸ ਵਿੱਚ ਰਾਹਤ, ਚੈਨ ਤੇ

ਸੁੱਖ ਤੋਂ ਬਿਨਾਂ ਦੁੱਖ ਤੇ ਔਕੜ ਦਾ ਨਾਂ ਨਿਸ਼ਾਨ ਵੀ ਨਹੀਂ ਹੋਵੇਗਾ । ਖ਼ੁਦਾ ਤਆਲਾ ਦੀ ਰਜ਼ਾ ਮਨੁੱਖ ਨੂੰ ਪ੍ਰਾਪਤ ਹੋਵੇਗੀ ਅਤੇ ਉਸਦਾ ਦੀਦਾਰ ਨਸੀਬ ਹੋਵੇਗਾ ਅਤੇ ਉਸਦੀ ਕਿਰਪਾ ਦ੍ਰਿਸ਼ਟੀ ਦੀ ਚਦੱਰ ਵਿੱਚ ਲਪੇਟਿਆ ਹੋਇਆ ਉਸਦੀ ਨੇੜਤਾ ਨੂੰ ਪ੍ਰਾਪਤ ਕਰੇਗਾ ਭਾਵ ਉਸਦਾ ਦਰਪਨ ਬਣ ਜਾਵੇਗਾ । ਇਲਾਹੀ ਗੁਣ ਉਸ ਵਿੱਚੋਂ  ਜਲਵਾਗਰ ਹੋਣਗੇ । ਉਸ ਦੀਆਂ ਸਾਰੀਆਂ ਨਿੱਕੀਆਂ ਇਛੱਾਵਾਂ ਮੁੱਕ ਜਾਣਗੀਆਂ । ਉਸ ਦੀ ਮਰਜ਼ੀ ਰੱਬ ਦੀ ਮਰਜ਼ੀ ਬਣ ਜਾਵੇਗੀ । ਉਹ ਸਦੈਵੀ ਜੀਵਨ ਪ੍ਰਾਪਤ ਕਰਕੇ ਰੱਬ ਦੇ ਨੂਰ ਨੂੰ ਪ੍ਰਗਟ ਕਰਨ ਵਾਲਾ ਬਣ ਜਾਵੇਗਾ ।

ਇਹ ਸਾਡੇ ਅਕੀਦੇ ਹਨ ਅਤੇ ਇਹਨਾਂ ਤੋਂ ਬਿਨਾਂ ਅਸੀਂ ਨਹੀਂ ਜਾਣਦੇ ਕਿ ਇਸਲਾਮ ਵਿੱਚ ਦਾਖ਼ਲ ਕਰਨ ਲਈ ਕੀ ਅਕੀਦੇ ਹਨ । ਇਸਲਾਮ ਦੇ ਸਾਰੇ ਪ੍ਰਸਿੱਧ ਇਮਾਮ ਇਹਨਾਂ ਹੀ ਗੱਲਾਂ ਨੂੰ ਇਸਲਾਮ ਦੇ ਅਕੀਦੇ ਮਨਦੇ ਆਏ ਹਨ । ਅਸੀਂ ਉਹਨਾਂ ਤੋਂ ਇਸ ਗੱਲ ਵਿੱਚ ਸਹਿਮਤ ਹਾਂ ।    ( ਦਾਅਵਾਤੁਲ ਅਮੀਰ ਪੰਨਾ 4 ਤੋਂ 9 ਨਵਾਂ ਐਡੀਸ਼ਨ, ਪ੍ਰਕਾਸ਼ਕ– ਨਸ਼ਰੋ ਇਸ਼ਾਤ ਕਾਦੀਆਂ)

★★★★★★★★

★★★★★★

★★★★

★★

لَآاِلٰهَ اِلَّا اللّٰهُ مُحَمَّدٌ رَّسُوْلُ اللّٰهِ

# ਅਹਮਦੀਆ ਮੁਸਲਿਮ ਜਮਾਤ

# ਦੀਆਂ

# ਆਸਥਾਵਾਂ (ਅਕੀਦੇ)

**ਪ੍ਰਕਾਸ਼ਕ :- ਨਜ਼ਾਰਤ ਨਸ਼ਰੋ ਇਸ਼ਾਤ**

# Aqaade Ahmadiyyat

BY

**Nazarat Nashro Ishaat**

**Punajabi Translation**

## Ahmadiyya Muslim Jamat diyan Asthawan (Aqeede)

By

**Giani Shamshad Ahmad Eden B.A., B.ed**


Copies : 2000

Edition 1st : March. 2014

**Published**

**BY**

**Nazarat Nashro Ishaat**

Publication department of Sadr Anjuman Ahmadiyya

Qadian-143516 Distt Gurdaspur (Punjab) INDIA

Ph.No. : +91-1872-500970, Fax : 500971

**Printed At**

Fazle Umar Printing Press Qadian-143516